# POETIC SYMBOLISM OF DR. JAGTAR: IN THE CONTEXT OF 'LAHU DE NAKASH'

# ਡਾ. ਜਗਤਾਰ ਦੀ ਕਾਵਿ ਚਿਹਨਕਾਰੀ: 'ਲਹੂ ਦੇ ਨਕਸ਼' ਦੇ ਪ੍ਰਸੰਗ ਵਿਚ

**ਡਾ. ਸੰਦੀਪ ਸਿੰਘ (Dr. Sandeep Singh)**

**ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ,**

**ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ (ਪੰਜਾਬ)**

**Email ID: sandeepsinghdu@gmail.com ਮੋਬਾਈਲ: +91-98159-43109**

**ABSTRACT**

*ਡਾ. ਜਗਤਾਰ ਪੰਜਾਬੀ ਦਾ ਸਮਰੱਥ ਸ਼ਾਇਰ ਹੈ। ਜੋ ਆਧੁਨਿਕ ਕਾਵਿ ਦੀਆਂ ਸਾਰੀਆਂ ਪ੍ਰਮੁਖ ਕਾਵਿ ਧਾਰਾਵਾਂ ਨਾਲ ਵਰ ਮੇਚਦਾ ਰਿਹਾ ਹੈ। ਉਸਨੇ ਇਹਨਾਂ ਕਾਵਿ ਧਾਰਾਵਾਂ ਦਾ ਸਿਰਫ ਪ੍ਰਭਾਵ ਨਹੀਂ ਕਬੂਲਿਆ ਬਲਕਿ ਇਹਨਾਂ ਨਾਲ ਸੰਵਾਦ ਰਚਾਉਂਦਾ ਰਿਹਾ ਹੈ, ਕਿਉਂਕਿ ਉਸਦੀ ਪ੍ਰਤੀਬੱਧਤਾ ਸਿਰਫ ਮਨੁੱਖਤਾ ਨਾਲ ਰਹੀ ਹੈ। ਲਹੂ ਦੇ ਨਕਸ਼ ਦੇ ਨਕਸ਼ ਉਸ ਦੇ ਕਾਵਿ ਵਿਕਾਸ ਦਾ ਅਹਿਮ ਪੜਾਅ ਹੈ। ਇਹ ਕਾਵਿ ਸੰਗ੍ਰਹਿ ਵਿਚ ਸ਼ਾਮਿਲ ਕਵਿਤਾਵਾਂ ਵਿਚ ਜਗਤਾਰ ਦਮਿਤ ਅਤੇ ਕਾਬਜ਼ ਧਿਰਾਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਪ੍ਰਬੰਧ ਦੀ ਯਥਾਸਥਿਤੀ ਤੋਂ ਇਨਕਾਰੀ ਹੈ। ਹੱਥਲੇ ਖੋਜ ਪੱਤਰ ਵਿਚ ਲਹੂ ਦੇ ਨਕਸ਼ ਕਾਵਿ ਸੰਗ੍ਰਹਿ ਦੇ ਪ੍ਰਸੰਗ ਵਿਚ ਜਗਤਾਰ ਦੀ ਕਾਵਿ ਚਿਹਨਕਾਰੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਜਗਤਾਰ ਆਪਣੇ ਕਾਵਿ ਚਿਹਨਾਂ ਦੀ ਵਰਤੋਂ ਸਮੇਂ ਸਥਾਪਿਤ ਚਿਹਨਾਂ ਨੂੰ ਬਦਲ ਦਿੰਦਾ ਹੈ ਅਤੇ ਇਤਿਹਾਸ ਮਿਥਿਹਾਸ ਦੇ ਹਵਾਲਿਆਂ ਨਾਲ ਆਪਣੀ ਗੱਲ ਨੂੰ ਤਾਕਤਵਰ ਭਾਸ਼ਾ ਰਾਹੀਂ ਪ੍ਰਗਟ ਕਰਦਾ ਹੈ।*

***ਕੀਵਰਡ : ਚਿਹਨਤਾ, ਜੁਝਾਰਵਾਦੀ, ਆਧੁਨਿਕਤਾਵਾਦੀ, ਕਾਵਿ ਸ਼ਾਸਤਰ, ਜ਼ਿੰਦਗੀ, ਉਦੇਸ਼, ਪ੍ਰਤੀਬੱਧਤਾ।***

ਡਾ. ਜਗਤਾਰ ਸਮੁੱਚੀ ਆਧੁਨਿਕ ਪੰਜਾਬੀ ਕਵਿਤਾ ਵਿਚ ਅਹਿਮ ਸਥਾਨ ਰੱਖਦਾ ਹੈ। ਮੁੱਢਲੇ ਆਧੁਨਿਕ ਦੌਰ ਤੋਂ ਲੈ ਕੇ ਉੱਤਰ-ਆਧੁਨਿਕ ਦੌਰ ਤੱਕ ਜਗਤਾਰ ਹਰੇਕ ਕਾਵਿ ਲਹਿਰ ਨਾਲ ਸੰਵਾਦ ਵਿਚ ਰਿਹਾ ਹੈ। ਜਗਤਾਰ ਮੂਲ ਰੂਪ ਵਿਚ 'ਜੋ ਹੈ' ਦਾ ਵਿਰੋਧੀ ਕਾਵਿ-ਪ੍ਰਵਚਨ ਸਿਰਜਦਾ ਹੈ। ਉਹ ਸਮਾਜਕ ਪ੍ਰਸਥਿਤੀਆਂ ਨੂੰ ਆਪਣੇ ਤਰੀਕੇ ਨਾਲ ਬਦਲੀਆਂ ਹੋਈਆਂ ਦੇਖਣਾ ਲੋਚਦਾ ਹੈ। ਪ੍ਰਗਤੀਵਾਦੀ ਜੁਝਾਰਵਾਦੀ ਜਾਂ ਪ੍ਰਯੋਗਸ਼ੀਲ ਕੋਈ ਵੀ ਲਹਿਰ ਹੋਵੇ ਉਹ ਹਰੇਕ ਨਾਲ ਜੁੜਿਆ ਰਿਹਾ ਪ੍ਰੰਤੂ ਇੱਕ ਵਿੱਥ ਸਿਰਜ ਕੇ। *"... 1940 ਤੋਂ 1980 ਦੇ ਦਰਮਿਆਨ ਤਿੰਨ ਕਾਵਿ ਪ੍ਰਵਿਰਤੀਆਂ ਉਦੈ ਅਤੇ ਅਸਤ ਹੋਈਆਂ। ਇਹ ਤਿੰਨ ਕਾਵਿ ਪ੍ਰਵਿਰਤੀਆ ਹਨ, ਪ੍ਰਗਤੀਵਾਦੀ ਕਾਵਿ ਪ੍ਰਵਿਰਤੀ, ਪ੍ਰਯੋਗਵਾਦੀ ਕਾਵਿ ਪ੍ਰਵਿਰਤੀ ਤੇ ਜੁਝਾਰਵਾਦੀ ਕਾਵਿ ਪ੍ਰਵਿਰਤੀ, ਪ੍ਰਗਤੀ, ਪ੍ਰਯੋਗ ਤੇ ਲੋਕ ਯੁੱਧ ਇਨ੍ਹਾਂ ਤਿੰਨਾਂ ਕਾਵਿ ਪ੍ਰਵਿਰਤੀਆਂ ਦੇ ਆਪੋ ਆਪਣੇ ਸੂਝ ਮਾਡਲ ਹਨ।...... ਧਿਆਨ ਨਾਲ ਵੇਖਿਆਂ ਪਤਾ ਚੱਲਦਾ ਹੈ ਕਿ ਜਗਤਾਰ ਦੀ ਸ਼ਾਇਰੀ ਵਿੱਚ ਇਹ ਤਿੰਨੇ ਪ੍ਰਵਰਗ ਅੰਤਰ ਸੰਬੰਧਿਤ ਹਨ।"*[1] ਡਾ. ਜਸਵਿੰਦਰ ਸਿੰਘ ਅਨੁਸਾਰ, *"ਜਗਤਾਰ ਪ੍ਰਗਤੀਵਾਦੀ ਤੇ ਨਕਸਲਬਾੜੀ ਕਵਿਤਾ ਦੇ ਉਦਾਤ ਸੁਮੇਲ ਦੀ ਸੁੰਦਰ ਮਿਸਾਲ ਹੈ।"*[2] *ਪ੍ਰੰਤੂ ਜਗਤਾਰ ਆਪਣੇ ਆਪ ਦੇ ਜੁਝਾਰਵਾਦੀ ਕਾਵਿ ਧਾਰਾ ਅਤੇ ਨਕਸਲਬਾੜੀ ਲਹਿਰ ਨਾਲ ਜੁੜਨ ਨੂੰ ਇਕ ਇਤਫਾਕਨ ਘਟਨਾ ਮੰਨਦਾ ਹੈ।*[3] ਕਿਉਂਕਿ ਉਹ ਤਾਂ ਲਹਿਰ ਤੋਂ ਪਹਿਲਾਂ ਹੀ ਉਨ੍ਹਾਂ ਸਥਿਤੀਆਂ ਵਿਚੋਂ ਲੰਘ ਰਿਹਾ ਸੀ ਜਿਨ੍ਹਾਂ ਸਥਿਤੀਆਂ ਨੇ ਨਕਸਲਬਾੜੀ ਲਹਿਰ ਨੂੰ ਜਨਮ ਦਿੱਤਾ। ਇਸ ਤਰ੍ਹਾਂ ਜਗਤਾਰ ਜੁਝਾਰਵਾਦੀ ਪੰਜਾਬੀ ਕਾਵਿ-ਧਾਰਾ ਨਾਲ ਵੀ ਉਸੇ ਤਰ੍ਹਾ ਜੁੜਦਾ ਹੈ ਜਿਸ ਤਰ੍ਹਾਂ ਉਹ ਬਾਕੀ ਕਾਵਿ ਧਾਰਾਵਾਂ ਨਾਲ ਜੁੜਦਾ ਹੈ। ਦਵਿੰਦਰ ਸਤਿਆਰਥੀ ਦੇ ਇਸ ਕਥਨ ਕਿ, *"ਕਵਿਤਾ ਲਈ ਜਿਸ ਸੂਖ਼ਮ ਦ੍ਰਿਸ਼ਟੀ ਦੀ ਲੋੜ ਹੁੰਦੀ ਹੈ ਉਹ ਜਗਤਾਰ ਨੂੰ ਰੱਬੋਂ ਮਿਲੀ ਹੈ।"*[4] ਦੇ ਉਲਟ ਜਗਤਾਰ ਆਪਣੀ *ਮਿਹਨਤ ਦੀ ਪੈਦਾਵਾਰ ਹੈ। ਕਰਤਾਰੀ ਗੁਣਾਂ ਦੀ ਥਾਂ ਉਸਦੇ ਸਿਰੜ੍ਹ ਅਤੇ ਮਿਹਨਤ ਨੇ ਉਸਨੂੰ ਕਵੀ ਬਣਾਇਆ ਹੈ। ਸਾਰੀ ਉਮਰ ਮਿਹਨਤ ਕਸ਼ਾਂ ਦਾ ਹਾਮੀ ਰਿਹਾ ਮਨੁੱਖ ਰੱਬ ਦੀ ਨਹੀਂ ਮਿਹਨਤ ਦੀ ਪੈਦਾਵਾਰ ਹੀ ਹੋ ਸਕਦਾ ਹੈ। ਜਗਤਾਰ ਅਨੁਸਾਰ, "ਕਵਿਤਾ ਜਨੂੰਨ ਦੀ ਦੇਣ ਨਹੀਂ ਦਿਲ ਦਿਮਾਗ ਤੇ ਹੰਢਾਏ ਦਰਦ ਅਤੇ ਕਿਸੇ ਦਾ ਦਰਦ ਵੇਖ ਕੇ ਪੀੜਤਾ ਅਨੁਭਵ ਕਰਨ ਦੀ ਦੇਣ ਹੈ।"*[5]

ਜਗਤਾਰ ਅਨੁਸਾਰ ਅਭਿਆਸ, ਜ਼ਿਕਰ ਤੇ ਫ਼ਿਕਰ ਕਵਿਤਾ ਦੇ ਤਿੰਨ ਪ੍ਰਵਰਗ ਹਨ। ਉਸ ਅਨੁਸਾਰ, *"ਪੰਜਾਬੀ ਦੇ ਬਹੁਤੇ ਸ਼ਾਇਰ ਅਭਿਆਸ 'ਤੇ ਰੁਕੇ ਹੋਏ ਹਨ, ਜੋ ਕੁਝ ਅੱਗੇ ਵਧੇ ਉਹ ਜ਼ਿਕਰ ਤੋਂ ਅੱਗੇ ਨਹੀਂ ਜਾ ਸਕੇ ਅਸਲ ਸ਼ਾਇਰੀ ਫ਼ਿਕਰ ਦੀ ਸ਼ਾਇਰੀ ਹੈ।"*[6] ਉਸ ਨੇ 1957 ਈ. ਵਿਚ ਪ੍ਰਕਾਸ਼ਤ ਹੋਏ ਆਪਣੇ ਕਾਵਿ-ਸੰਗ੍ਰਹਿ ਰੁੱਤਾਂ ਰਾਂਗਲੀਆਂ ਤੋਂ ਲੈ ਕੇ ਤਲਖ਼ੀਆਂ ਰੰਗੀਨੀਆਂ (1960), ਦੁੱਧ ਪੱਥਰੀ (1961), ਅਧੂਰਾ ਆਦਮੀ (1963), ਲਹੂ ਦੇ ਨਕਸ਼ (1973), ਛਾਂਗਿਆ ਰੁੱਖ (1975), ਸ਼ੀਸ਼ੇ ਦਾ ਜੰਗਲ (1980),

ਜਜ਼ੀਰਿਆਂ ਵਿਚ ਘਿਰਿਆ ਸਮੁੰਦਰ (1990), ਚੁਨੱਕਰੀ ਸ਼ਾਮ (1990), ਜੁਗਨੂੰ ਦੀਵਾ ਤੇ ਦਰਿਆ (1997), ਅੱਖਾਂ ਵਾਲੀਆਂ ਪੈੜਾਂ (1999), ਪ੍ਰਵੇਸ਼ ਦੁਆਰ (2003), ਮੋਮ ਦੇ ਲੋਕ (2006) ਤੱਕ ਨਿਰੰਤਰ ਕਾਵਿ-ਰਚਨਾ ਕੀਤੀ ਹੈ।

*"ਜਗਤਾਰ ਕਾਵਿ ਦੀ ਪਿੱਠ ਭੂਮੀ ਵਿਚ ਸਾਂਝਾ ਪੰਜਾਬ ਹੈ। ਮੌਜੂਦਾ ਪੰਜਾਬ ਦੀ ਬੋਲੀ ਉਪਰ ਹਿੰਦੀ ਸੰਸਕ੍ਰਿਤ ਦੇ ਪ੍ਰਭਾਵ ਦੇ ਉਲਟ ਜਗਤਾਰ ਕਾਵਿ ਦੀ ਭਾਸ਼ਾ 'ਤੇ ਫਾਰਸੀ ਉਰਦੂ ਦਾ ਜਿਆਦਾ ਪ੍ਰਭਾਵ ਹੈ। ਜਗਤਾਰ ਦੀ ਕਾਵਿ ਭਾਸ਼ਾ ਪਾਠਕ ਤੋਂ ਸਮਰੱਥਾ ਦੀ ਮੰਗ ਕਰਦੀ ਹੈ। ਨਤੀਜੇ ਵਜੋਂ ਉਸਦੀ ਕਾਵਿ-ਭਾਸ਼ਾ ਵਿਚ ਅਜਿਹੇ ਚਿਹਨ ਆ ਜਾਂਦੇ ਹਨ ਜੋ ਆਮ ਪੰਜਾਬੀ ਪਾਠਕ ਤੋਂ ਡੀ-ਕੋਡ ਨਹੀਂ ਹੁੰਦੇ। ਫਾਰਸੀ ਹੀ ਨਹੀਂ ਉਹ ਕਈ ਵਾਰ ਸੌਖੇ ਤੇ ਪ੍ਰਚੱਲਤ ਸ਼ਬਦਾਂ ਦੀ ਥਾਂ ਅਣਜਾਣ ਵੱਖਰੇ ਅਤੇ ਨਵੇਂ ਚਿਹਨ ਵਰਤੋਂ ਵਿਚ ਲਿਆਉਂਦਾ ਹੈ। ਜਿਵੇਂ ਉਹ ਦ੍ਰੋਪਦੀ ਲਈ ਕ੍ਰਿਸ਼ਨਾ ਦਾ ਚਿਹਨ ਵਰਤਦਾ ਹੈ।"*[7] ਮਾਂਡੂ, ਹਾਤਮ, ਬਰਬਰ, ਫਸੀਲਾਂ, ਪਾਸਬਾਨ ਬੀਨਾਈ, ਮੁਅਜਜ਼ਾ, ਮੁਸਤਾਜ਼, ਕਜ਼ ਅਨਾਈ, ਜਿਹੇ ਚਿਹਨ ਉਸਦੇ ਕਾਵਿ ਪਾਠਾਂ ਵਿਚ ਆਮ ਮਿਲ ਜਾਂਦੇ ਹਨ।

ਜਗਤਾਰ ਨੂੰ ਇਸ ਗੱਲ ਦਾ ਬਹੁਤ ਗਿਲਾ ਹੈ ਕਿ ਉਸਨੂੰ ਜਾਣ ਬੁੱਝ ਕੇ ਅਣਗੌਲਿਆ ਕੀਤਾ ਗਿਆ ਹੈ। ਪੰਜਾਬੀ ਆਲੋਚਕਾਂ, ਦੋਸਤਾਂ, ਕਵੀਆਂ ਨਾਲ ਉਸ ਨੂੰ ਹਮੇਸ਼ਾਂ ਸ਼ਿਕਾਇਤ ਰਹੀ ਹੈ। ਅਸਲ ਵਿਚ ਜਗਤਾਰ ਦੀ ਜ਼ਿੰਦਗੀ ਬਹੁਤ ਤਲਖ਼ ਸਥਿਤੀਆਂ ਵਿਚ ਘਿਰੀ ਰਹੀ ਹੈ। ਨਤੀਜੇ ਵਜੋਂ ਉਸਦੀ ਸ਼ਖ਼ਸ਼ੀਅਤ ਵਿਚੋਂ ਬੇਵਿਸ਼ਵਾਸੀ ਝਲਕਣ ਲੱਗੀ ਹੈ। ਇਸਦਾ ਅਸਰ ਉਸਦੇ ਕਾਵਿ ਵਿਚੋਂ ਵੀ ਚਿਹਨਤ ਹੁੰਦਾ ਹੈ। ਜਗਤਾਰ ਦੇ ਕਈ ਕਾਵਿ ਪਾਠਾਂ ਵਿਚ ਇਕੋ ਪਾਠ ਦਾ ਦੁਹਰਾਅ ਇਸੇ ਬੇਵਿਸ਼ਵਾਸੀ ਦਾ ਚਿਹਨਕ ਬਣਦਾ ਹੈ। 'ਲਹੂ ਦੇ ਨਕਸ਼' ਪਾਠ ਦੀਆਂ ਕਈ ਨਜ਼ਮਾਂ 'ਛਾਂਗਿਆ ਰੁੱਖ' ਵਿਚ ਸੰਮਿਲਤ ਹਨ। ਜਗਤਾਰ ਦੀ ਮਸ਼ਹੂਰ ਗਜ਼ਲ 'ਹਰ ਮੋੜ ਤੇ ਸਲੀਬਾਂ' ਲਹੂ ਦੇ ਨਕਸ਼ (1973), ਛਾਂਗਿਆ ਰੁੱਖ (1976) ਅਤੇ ਸ਼ੀਸ਼ੇ ਦੇ ਜੰਗਲ (1980) ਤਿੰਨ ਪਾਠਾਂ ਵਿਚ ਸੰਮਿਲਤ ਹੈ। *ਜਗਤਾਰ ਚੁਨਿੰਦਾ ਨਜ਼ਮਾਂ/ਗ਼ਜ਼ਲਾਂ ਨੂੰ ਨਵੇਂ ਪਾਠਾਂ ਵਿਚ ਵਾਰ-ਵਾਰ ਦੁਹਰਾਉਂਦਾ ਹੈ ਕਿਉਂਕਿ ਉਸਨੂੰ ਲੱਗਦਾ ਹੈ ਕਿ ਉਸਨੂੰ ਜਾਣ ਬੁੱਝ ਕੇ ਅੱਖੋਂ ਪਰੋਖੇ (ਜ਼ਪਅਰਗਕ) ਕੀਤਾ ਜਾ ਰਿਹਾ ਹੈ।"*[8]

*ਡਾ. ਜਗਤਾਰ ਆਪਣੇ ਕਾਵਿ ਸ਼ਾਸਤਰ ਬਾਰੇ ਪੂਰੀ ਤਰ੍ਹਾਂ ਚੇਤੰਨ ਹੈ। ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਜਗਤਾਰ ਦੀ ਕਵਿਤਾ ਸਿਰੜ ਅਤੇ ਮਿਹਨਤ ਦੀ ਉਪਜ ਹੈ। ਉਸ ਅਨੁਸਾਰ ਕਾਵਿ ਰਚਨਾ ਜ਼ਿੰਦਗੀ ਵਿਚ ਵਾਪਰ ਰਹੇ ਹਾਦਸਿਆਂ ਦਾ ਹੀ ਪ੍ਰਤੀਫਲ ਹੈ। ਭਾਵੇਂ ਹਰ ਹਾਦਸਾ ਕਲਾ ਵਿੱਚ ਰੂਪਮਾਨ ਨਹੀਂ ਹੋ ਸਕਦਾ।"*[9] ਪ੍ਰੰਤੂ ਹਰ ਹਾਦਸੇ ਦੇ ਗੁਜ਼ਰ ਜਾਣ ਤੋਂ ਬਾਅਦ ਉਸ ਦਾ ਵਿਸ਼ਲੇਸ਼ਣ ਕਾਵਿ ਲਈ ਭੌਇ ਤਿਆਰ ਕਰਦਾ ਹੈ। ਹਾਦਸੇ ਦੌਰਾਨ ਕਾਵਿ ਰਚਨਾ ਬੇਸ਼ੱਕ ਸੰਭਵ ਨਹੀ, ਪਰ ਹਾਦਸਾ ਕਾਵਿ ਦੀ ਪਿੱਠ ਭੂਮੀ ਜ਼ਰੂਰ ਹੈ:-

*ਜਾਂ ਗਜ਼ਲਾਂ ਦਾ ਜਹਾਨ ਆਬਾਦ ਕਰਦਾਂ*
*ਮੈਂ ਆਪਣਾ ਦਰਦ ਹੀ ਅਨੁਵਾਦ ਕਰਦਾਂ*[10]
*....*
*ਕਿਸੇ ਮੁਸ਼ਕਿਲ ਤੋਂ ਮੁਸ਼ਕਿਲ ਹੈ ਹੁਨਰ ਤੋਂ ਇਹ ਹੁਨਰ ਮੁਸ਼ਕਿਲ*
*ਗ਼ਜ਼ਲ ਕਹਿਣੀ ਹੈ ਜੀਕੂੰ ਆਪਣਾ ਹੀ ਮਰਸੀਆ ਕਹਿਣਾ*[11]

ਜਗਤਾਰ ਦੀ ਗ਼ਜ਼ਲ ਦੀ ਬਹਿਰ ਵਿਚ ਨਿਪੁੰਨਤਾ ਕਾਰਨ ਉਸ ਦੀਆਂ ਬਲੈਂਕ ਵਰਸ ਕਵਿਤਾਵਾਂ ਵੀ ਰਿਦਮ ਵਿਚ ਹਨ। ਜਗਤਾਰ ਆਪਣੇ ਕਾਵਿ ਉਦੇਸ਼ ਬਾਰੇ ਵੀ ਪੂਰੀ ਤਰ੍ਹਾਂ ਸਪੱਸ਼ਟ ਹੈ। ਉਸਦੀ ਕਵਿਤਾ ਉਸ ਦੇ ਉਦੇਸ਼ ਦੀ ਖ਼ੁਦ ਗਵਾਹ ਹੈ:-

*ਲੋਕ ਸ਼ਾਇਰ ਮੈਂ ਲਿਖਾਂ ਲੋਕਾਂ ਲਈ*
*ਸ਼ਹਿਨਸ਼ਾਹਾਂ ਦਾ ਮੈਂ ਕਰਿੰਦਾ ਨਹੀਂ*[12]

*ਪ੍ਰੰਤੂ ਉਹ ਕਵਿਤਾ ਦੀ ਸੀਮਾ/ਸਮਰੱਥਾ ਬਾਰੇ ਚਰਚਾ ਕਰਦਾ ਹੋਇਆ ਇਸ ਨੂੰ ਸਿਰਫ਼ ਨਾਮ-ਦਾਨ ਵੀ ਸਮਝਦਾ ਹੈ।"*[13]

ਜਗਤਾਰ ਭਾਸ਼ਾ ਦੀ ਸੀਮਾ/ਸਮਰੱਥਾ ਬਾਰੇ ਵਾਰ-ਵਾਰ ਪ੍ਰਸ਼ਨ ਉਠਾਉਂਦਾ ਹੈ। ਉਹ ਕਹਿੰਦਾ ਹੈ, "ਮੈਨੂੰ ਸ਼ਬਦਾਂ ਦੇ ਸੁਰਾਂ 'ਚੋਂ ਭਾਲਣਾ ਬੇਅਰਥ ਹੈ।"[14] ਭਾਸ਼ਾ ਦੀ ਸੀਮਤਾਈ ਦਾ ਮੁੱਖ ਕਾਰਨ ਇਸ ਦੇ ਸਮੂਹਿਕ ਕਾਰਜ ਹੋਣ ਵਿਚ ਹੈ। ਭਾਸ਼ਾ ਬੋਲਣ ਵਾਲਾ ਹੀ ਨਹੀਂ ਸੁਣਨ ਵਾਲਾ ਵੀ ਚੇਤੰਨ ਚਾਹੀਦਾ ਹੈ। ਜਗਤਾਰ ਅਨੁਸਾਰ ਕਵਿਤਾ ਦਾ ਗ਼ੈਰ ਸੰਚਾਰਕ ਹੋਣਾ ਪਾਠਕ ਦੀ ਸਮਰੱਥਾ ਉਪਰ ਵੀ ਨਿਰਭਰ ਕਰਦਾ ਹੈ:-

*ਅਸਲ ਵਿਚ ਸ਼ਬਦਾਂ ਦੀ*
*ਪਹਿਚਾਣ ਹੀ ਤਾਂ ਇੱਕ ਰਿਸ਼ਤਾ ਹੈ*
*ਜੇ ਕੋਈ*
*ਸ਼ਬਦਾਂ ਦੀ ਪਹਿਚਾਣ ਹੀ ਭੁੱਲ ਜਾਵੇ*
*ਤਾਂ ਕਾਹਦਾ ਗਿਲਾ*[15]

ਹਰ ਸ਼ਬਦ ਦੀ ਪਛਾਣ ਹਰ ਪਾਠਕ ਲਈ ਵੱਖਰੀ ਹੈ। ਭਾਵ ਚਿਹਨਾਂ ਦੀ ਚਿਹਨਤਾ ਪਾਠਕ ਦੀ ਸਮਰੱਥਾ ਉਪਰ ਨਿਰਭਰ ਕਰਦੀ ਹੈ:-

*ਉਹ ਆਖੇ ਦਰਵੇਸ਼ ਮੈਂ ਮੈਂ ਆਖਾਂ ਮੈਂ ਠੱਗ*
*ਸ਼ਬਦਾਂ ਹੇਠ ਲਕੋਈਦਾ ਆਪੋ ਆਪਣਾ ਦੰਭ*[16]

ਜਗਤਾਰ ਭਾਸ਼ਾ ਦੇ ਨਵੇਂਪਣ ਦਾ ਹਮੇਸ਼ਾ ਹਾਮੀ ਰਿਹਾ ਹੈ। ਪ੍ਰਯੋਗਸ਼ੀਲ ਲਹਿਰ ਦੇ ਦੌਰਾਨ ਲਿਖੀਆਂ ਉਸ ਦੀਆਂ ਬਹੁਤੀਆਂ ਕਵਿਤਾਵਾਂ ਇਸ ਗੱਲ ਦੀ

ਗਵਾਹੀ ਭਰਦੀਆਂ ਹਨ। ਅਧੂਰਾ ਆਦਮੀ ਦੀ ਭੂਮਿਕਾ ਵਿਚ ਉਹ ਲਿਖਦਾ ਹੈ, *"ਨਵੀਨ ਕਵਿਤਾ ਨੂੰ ਅਸ਼ਲੀਲ, ਅਪਸਾਰਵਾਦੀ, ਅਸਪਸ਼ਟ ਤੇ ਫਜ਼ੂਲ ਕਹਿਣ ਵਾਲੇ ਰੁਮਾਂਟਿਕ ਤੇ ਅਖਾਉਤੀ ਪ੍ਰਗਤੀਵਾਦੀ ਲੇਖਕ ਆਪਣੇ ਕੱਟੜਪਣ ਸੰਕੀਰਣਤਾ, ਪੱਖਵਾਦ ਅਤੇ ਅਗਿਆਨ ਦਾ ਸ਼ਿਕਾਰ ਹਨ।"* [17] ਜਗਤਾਰ ਭਾਸ਼ਾ ਵਿਚ ਪ੍ਰਯੋਗਾਂ ਦਾ ਹਮਾਇਤੀ ਤਾਂ ਹੈ ਪ੍ਰੰਤੂ ਉਹ ਕਿਸੇ ਵਾਦ ਦਾ ਅਸਰ ਨਾ ਕਬੂਲਣ ਦਾ ਦਾਅਵਾ ਵੀ ਕਰਦਾ ਹੈ। ਉਹ ਆਮ ਜ਼ਿੰਦਗੀ ਵਿਚੋਂ ਹੀ ਕਵਿਤਾ ਦੇ ਸੱਜਰੇ ਚਿਹਨਾਂ ਦਾ ਮੁੱਦਈ ਹੈ।

ਜਗਤਾਰ ਦਾ ਕਾਵਿਕਾਰੀ ਬੇਸ਼ੱਕ ਆਧੁਨਿਕ ਕਾਵਿ ਧਾਰਾਵਾਂ ਦੇ ਅਰੰਭ ਤੋਂ ਉੱਤਰ-ਆਧੁਨਿਕ ਕਾਲ ਤੱਕ ਫੈਲੀ ਹੋਈ ਹੈ ਪਰ ਇਸ ਵਿਚ 'ਲਹੂ ਦੇ ਨਕਸ਼' ਦਾ ਵਿਸ਼ੇਸ਼ ਥਾਂ ਹੈ। ਇਹ ਕਾਵਿ-ਪਾਠ 1973 ਵਿਚ ਪ੍ਰਕਾਸ਼ਤ ਹੋਇਆ। ਇਸ ਵਿਚ 1967 ਈ: ਤੋਂ ਲੈ ਕੇ ਪ੍ਰਕਾਸ਼ਨ ਸਮੇਂ ਤੱਕ ਦੀਆਂ ਕਾਵਿ ਰਚਨਾਵਾਂ ਸੰਮਲਿਤ ਹਨ। ਇਸ ਇਕ ਪਾਠ ਨਾਲ ਜਗਤਾਰ ਦਾ ਨਾਂ ਜੁਝਾਰਵਾਦੀ ਕਾਵਿ ਧਾਰਾ ਵਿੱਚ ਸ਼ੁਮਾਰ ਹੋਣ ਲੱਗਾ ਹੈ। *"ਲਹੂ ਦੇ ਨਕਸ਼ ਯਕੀਨਨ ਇੱਕ ਖਾਸ ਉਦੇਸ਼ ਤਹਿਤ ਲਿਖੀਆਂ ਗਈਆਂ ਕਵਿਤਾਵਾਂ ਦਾ ਸੰਗ੍ਰਹਿ ਹੈ।"* [18] ਹਾਲਾਂਕਿ ਜਗਤਾਰ ਅਨੁਸਾਰ ਅਜਿਹਾ ਨਹੀਂ ਹੈ ਉਸ ਅਨੁਸਾਰ, *"ਲਹੂ ਦੇ ਨਕਸ਼ ਦੀ ਸਾਰੀ ਕਵਿਤਾ ਨਕਸਲਵਾਦੀ ਕਵਿਤਾ ਦੀ ਦੇਣ ਨਹੀਂ।"* [9] ਪ੍ਰੰਤੂ ਜਗਤਾਰ ਦੇ ਸਾਰੇ ਪਾਠਾਂ ਦੇ ਵਿਸ਼ਲੇਸ਼ਣ ਤੋਂ ਲਹੂ ਦੇ ਨਕਸ਼ ਪਾਠ ਦੀ ਵੱਖਰਤਾ ਸਪੱਸ਼ਟ ਨਜ਼ਰ ਆਉਂਦੀ ਹੈ। ਜਗਤਾਰ ਦੀ ਬਾਕੀ ਕਵਿਤਾ ਦੇ ਮੁਕਾਬਲੇ ਲਹੂ ਦੇ ਨਕਸ਼ ਪਾਠ ਦੀ ਕਵਿਤਾ ਦੀ ਸੁਰ ਬਹੁਤ ਉੱਚੀ ਹੈ।

ਜਗਤਾਰ ਦੀ ਕਾਵਿ-ਮੈਂ ਦਾ ਸੰਵਾਦ ਦੂਜੇ ਪੁਰਸ਼ 'ਤੂੰ' ਅਤੇ ਤੀਜੇ ਪੁਰਸ਼ 'ਉਹ' ਨਾਲ ਹੈ। 'ਮੈਂ' ਦਾ ਸੰਬੰਧ ਦਮਿਤ ਪਰ ਬਾਗ਼ੀ ਹੋ ਚੁੱਕੀ ਧਿਰ ਨਾਲ ਹੈ। 'ਮੈਂ' ਆਪਣੀ ਸਥਿਤੀ 'ਉਹ' ਦੇ ਵਿਰੋਧ ਵਿਚੋਂ ਸਪੱਸ਼ਟ ਕਰਦਾ ਹੋਇਆ 'ਉਹ' ਨੂੰ ਵੀ ਪਰਿਭਾਸ਼ਤ ਕਰ ਰਿਹਾ ਹੈ:-

*ਜਦੋਂ ਵੀ 'ਉਹ'*

*ਦਨਦਨਾਉਂਦੇ ਆਉਣਗੇ*

*ਮੇਰੀਆਂ ਸਭ ਪੁਸਤਕਾਂ*

*ਲਾਗਲੀ ਦਲਦਲ ਦੇ ਅੰਦਰ*

*ਪਾੜ ਕੇ ਸੁੱਟ ਪਾਉਣਗੇ ਜਗਤਾਰ* [20]

'ਉਹ' ਸੱਤਾਧਾਰੀ ਧਿਰ ਦੀ ਤਾਕਤ ਤੇ ਆਤੰਕ ਨੂੰ ਚਿਹਨਤ ਕਰਦੀ ਹੈ। ਕਾਵਿ-ਮੈਂ ਦਾ ਸੰਬੰਧ ਉਨ੍ਹਾਂ ਪੁਸਤਕਾਂ ਨਾਲ ਹੈ ਜਿਨ੍ਹਾਂ ਨੇ ਸਥਾਪਤੀ ਦੁਆਰਾ ਫੈਲਾਈ ਝੂਠੀ ਚੇਤਨਾ ਤੋਂ ਪਰਦਾ ਚੁੱਕਣਾ ਹੈ। ਇਸ ਲਈ ਪ੍ਰਬੰਧ ਦਾ ਵਿਰੋਧ ਪੁਸਤਕਾਂ ਨਾਲ ਵੀ ਹੈ। ਪੁਸਤਕਾਂ ਦਾ ਵਿਰੋਧ, ਪ੍ਰਬੰਧ ਦੇ ਗਿਆਨ ਵਿਰੋਧੀ ਹੋਣ ਦਾ ਚਿਹਨਕ ਬਣਦਾ ਹੈ। ਪ੍ਰਬੰਧ ਦੀ ਤਾਕਤ, ਦਮਿਤ ਦੇ ਪੁਸਤਕ ਵਿਹੂਣੇ ਅਤੇ ਅਗਿਆਨੀ ਹੋਣ ਵਿਚ ਹੈ। ਰਾਜਨੀਤਿਕ ਪ੍ਰਬੰਧ ਦੀ ਇਸ ਸਾਜਿਸ਼ ਵਿੱਚ ਧਾਰਮਿਕ ਪ੍ਰਬੰਧ ਵੀ ਇਸਦਾ ਭਾਈਵਾਲ ਹੈ:-

*ਸਾਨੂੰ/ਦਿੱਤੇ ਹੋਏ ਖ਼ੁਦਾਵਾਂ ਦੇ/ਸਭ ਮਾਲਕ*

*ਸਾਡੇ ਪਾਲਕ/ਕਲਪਤ ਤਸਵੀਰਾਂ ਦੇ ਖਾਲਕ*

*ਸਾਡੀ ਪੀੜ੍ਹੀ ਨੂੰ ਵਿਦਰੋਹੀ/ਰੱਬ ਤੋਂ ਮੁਨਕਰ*

*ਚਾਨਣ ਹੀਣੇ/ਨਾ ਸ਼ੁਕਰੇ/ਜ਼ਿੱਦੀ ਤੇ ਬੁੱਧੀਹੀਣ ਸਮਝਦੇ।* [21]

ਖੁਦਾ ਦੀ ਚਿਹਨਕਤਾ ਅਸੀਮ ਹੋਣ ਵਿੱਚ ਨਹੀਂ ਬਲਕਿ ਸਿਰਜੇ ਹੋਣ ਵਿੱਚ ਹੈ। ਕਾਵਿ-ਮੈਂ ਦੇ ਆਸ ਪਾਸ ਗਿਆਨ ਦੇ ਨਵੇਂ ਪ੍ਰਬੰਧ ਦੇ ਆਉਣ ਨਾਲ ਧਾਰਮਿਕ ਪ੍ਰਬੰਧ ਦੀ ਪ੍ਰਭੂਤਾ ਟੁੱਟ ਰਹੀ ਹੈ। ਕਾਵਿ-ਮੈਂ ਦਾ ਵਿਰੋਧ ਧਾਰਮਿਕ ਵਿਵਸਥਾ ਨਾਲ ਵੀ ਬਣਦਾ ਕਿਉਂਕਿ ਇਹ ਚੇਤਨ ਮਨੁੱਖ ਨੂੰ ਆਪਣਾ ਵਿਰੋਧੀ ਸਮਝਦੀ ਹੈ। ਬੋਲੇ ਕੰਨ, ਜੁੜੇ ਹੋਏ ਹੱਥ, ਨੇਰ੍ਹਾ, ਜਾਲੇ, ਮੱਕੜੀਆਂ, ਕਰਮਾਂ ਦੀ ਗਤ ਆਦਿ ਧਾਰਮਕਿ ਵਿਵਸਥਾ ਦੇ ਉਹ ਹਥਿਆਰ ਹਨ, ਜਿਨ੍ਹਾਂ ਰਾਹੀਂ ਉਹ ਭੋਲੀ ਜਨਤਾ ਦੀ ਚੇਤਨਾ ਸੁੰਨ ਕਰਦੀ ਹੈ। ਜਗਤਾਰ ਦੀ ਕਾਵਿ-ਮੈਂ ਧਾਰਮਿਕ ਵਿਵਸਥਾ ਦੇ ਸਥਾਪਤੀ ਦੇ ਹੱਕ ਵਿਚ ਭੁਗਤਣ ਵਾਲੇ ਇਨ੍ਹਾਂ ਹਥਿਆਰਾਂ ਨੂੰ ਤਿੱਖੀ ਸੁਰ ਵਿਚ ਮੁਖਾਤਬ ਹੁੰਦੀ ਹੈ।ਉਸ ਦੀ ਕਵਿਤਾ ਇਨ੍ਹਾਂ ਹਥਿਆਰਾਂ ਦੇ ਨਾਕਾਮਯਾਬ ਹੋਣ ਦਾ ਰੁਮਾਂਟਿਕ ਬਿੰਬ ਸਿਰਜਦੀ ਹੈ:-

*ਪਰ ਹੁਣ ਰੋਗ/ਹਨੇਰਾ ਤੇ ਮੱਕੜੀਆਂ/ਦੌੜ ਦੌੜ ਕੇ*

*ਉਨ੍ਹਾਂ ਦੇ/ਕੰਨਾਂ ਅੱਖਾਂ ਤੇ ਨਾਸਾਂ ਅੰਦਰ*

*ਥਾਂ ਭਾਲ ਰਹੇ/ ਤੇ ਉਹ*

*ਆਪਣੇ ਇਨ੍ਹਾਂ ਹਥਿਆਰਾਂ ਦੀ ਵਰਤੋਂ ਤੋਂ ਵੀ*

*ਅਸਫਲ ਹੋਏ/ਮੰਦਰ ਜਾ ਜਾ ਰੋਏ।* [22]

ਜਗਤਾਰ ਆਧੁਨਿਕ ਪੂੰਜੀਵਾਦੀ ਲੋਕਤੰਤਰ ਦੀਆਂ ਸੰਸਥਾਵਾਂ 'ਤੇ ਵੀ ਤਿੱਖੇ ਸਵਾਲ ਖੜੇ ਕਰਦਾ ਹੈ। ਉਹ ਆਧੁਨਿਕ ਨਿਆਂ ਪ੍ਰਣਾਲੀ ਨੂੰ ਸੱਤਾ ਧਿਰ ਦੀ ਕਠਪੁਤਲੀ ਸਮਝਦਾ ਹੈ। ਉਸ ਲਈ ਨਿਆਂ ਪ੍ਰਣਾਲੀ ਦਾ ਨਿਆਂ ਨਾਲ ਕੋਈ ਸੰਬੰਧ ਨਹੀਂ, ਸਗੋਂ ਇਹ ਤਾਂ ਸੱਤਾ ਦਾ ਵਿਰੋਧ ਕਰਨ ਵਾਲਿਆਂ ਨੂੰ ਸਜਾ ਦੇਣ ਦਾ ਕੰਮ ਕਰਦੀ ਹੈ।ਇਸ ਲਈ ਹੱਕ ਤੇ ਸੱਚ ਲਈ ਲੜ ਰਹੇ ਲੋਕਾਂ ਬਾਰੇ ਇਸ ਨੇ ਜੋ ਫੈਸਲੇ ਸੁਣਾਉਣੇ ਹਨ, ਉਹ ਪੂਰਵ ਨਿਰਧਾਰਤ ਹਨ ।ਏਸੇ ਲਈ ਜਗਤਾਰ ਇਨ੍ਹਾਂ ਸੰਸਥਾਵਾਂ ਦੇ ਦੋਹਰੇ ਕਿਰਦਾਰ ਨੂੰ ਇਸ ਤਰ੍ਹਾਂ ਚਿਤਰਦਾ ਹੈ:-

*ਮਗਰਮੱਛ ਦੇ ਅੱਥਰੂਆਂ*

*ਤੇ ਤੁਹਾਡੀ ਮੁਸਕੁਰਾਹਟ ਦਾ*

*ਕੋਈ ਅੰਤਰ ਨਹੀਂ*

*ਤੁਹਾਡੇ ਲਿਖਣ ਤੋਂ ਪਹਿਲਾਂ ਹੀ*

*ਮੈਂ ਇਹ ਜਾਣਦਾ ਸਾਂ*

*ਤੁਸੀਂ ਕੀ ਹੁਕਮ ਲਿਖਣਾ ਹੈ*[23]

ਜਗਤਾਰ ਤਨਜ਼ ਨੂੰ ਹਥਿਆਰ ਵਾਂਗ ਵਰਤਦਾ ਹੈ। 'ਤੁਸੀਂ' ਦੀ ਚਿਹਨਕਤਾ ਆਦਰਯੋਗ ਨਹੀਂ, ਬਲਕਿ ਵਿਅੰਗਾਤਮਕ ਹੋ ਜਾਂਦੀ ਹੈ। ਵਿਰੋਧੀ ਲਈ 'ਉਹ' ਦੀ ਥਾਂ 'ਤੁਸੀਂ' ਦੀ ਹਾਜ਼ਰੀ ਸੰਵਾਦ ਦੀ ਚਿਹਨਕ ਬਣਦੀ ਹੈ। 'ਮੈਂ' ਆਪਣਾ ਪੱਖ 'ਤੁਸੀਂ' ਦੇ ਸਾਹਮਣੇ ਰੱਖ ਰਿਹਾ ਹੈ, ਪਰ ਇਸ ਵਿਚੋਂ ਵਿਅੰਗ ਗ਼ੈਰ-ਹਾਜ਼ਰ ਨਹੀਂ ਹੈ :-

*ਜੀ ਮੇਰੇ ਕੋਲੋਂ ਬਦਬੂ*

*ਹਾਲੇ ਵੀ ਆਉਂਦੀ ਹੋਵੇਗੀ*

*ਮੈਂ ਮੰਨਦਾ ਹਾਂ*[24]

'ਜੀ' ਹਜੂਰੀ ਦੀ ਬਜਾਇ ਪ੍ਰਬੰਧ ਨੂੰ ਟਿੱਚ ਜਾਨਣ ਦੀ ਚਿਹਨਕ ਬਣਦੀ ਹੈ। ਜਗਤਾਰ 'ਤੁਸੀਂ' ਰਾਹੀਂ ਸਿਰਫ ਰਾਜਨੀਤਿਕ ਪ੍ਰਬੰਧ ਨੂੰ ਸੰਬੋਧਿਤ ਨਹੀਂ ਹੁੰਦਾ ਬਲਕਿ ਰਾਜਨੀਤਿਕ ਤੌਰ ਤੇ ਗ਼ੈਰ-ਜਾਗਰੂਕ ਲੋਕਾਂ ਨੂੰ ਵੀ ਸੰਬੋਧਨ ਕਰਦਾ ਹੈ। ਦਾਇਰੇ ਵਿਚ ਸੀਮਿਤ ਰਹਿਣਾ ਰਾਜਨੀਤਿਕ ਪ੍ਰਬੰਧ ਨਾਲ ਸਹਿਮਤੀ ਤੇ ਅਧੀਨਗੀ ਦਾ ਚਿਹਨਕ ਹੈ।ਜਗਤਾਰ ਦੀ ਕਵਿਤਾ ਇਸ ਤਰ੍ਹਾਂ ਦੀ ਜੀਵਨ-ਜਾਚ ਤੋਂ ਸੁਚੇਤ 'ਤੇ ਵਿੱਥ ਥਾਪਦੀ ਹੈ:-

*ਤੁਸੀਂ ਪਰਕਾਰ ਵਾਂਗੂ*

*ਦਾਇਰਿਆਂ ਵਿਚ ਘਿਰੇ ਰਹਿਣਾ ਹੈ*

*ਤਾਂ ਸਾਡੀ ਅਲਵਿਦਾ*

*ਅਸੀਂ ਇਕ ਮੀਲ ਪੱਥਰ ਵਾਂਗ*

*ਗੱਡੇ ਰਹਿਣ ਵਿਚ ਵਿਸ਼ਵਾਸ਼ ਨਹੀਂ ਰੱਖਦੇ*[25]

ਸਮੁੱਚੀ ਜੁਝਾਰਵਾਦੀ ਪੰਜਾਬੀ ਸ਼ਇਰੀ ਖ਼ੁਦ ਨੂੰ ਇਤਿਹਾਸ-ਮਿਥਿਹਾਸ ਵਿਚ ਨਾਬਰੀ ਦੀ ਪ੍ਰਤੀਨਿਧਤਾ ਕਰਨ ਵਾਲੇ ਨਾਇਕਾਂ ਦੇ ਵਾਰਿਸਾਂ ਵਜੋਂ ਦੇਖਦੀ ਹੈ। 'ਲਹੂ ਦੇ ਨਕਸ਼' ਪਾਠ ਵਿਚ ਸੰਘਰਸ਼ਸ਼ੀਲ ਧਿਰ ਆਪਣੇ ਆਪ ਨੂੰ ਭਗਤ ਸਿੰਘ ਦੇ ਵਾਰਿਸ ਵਜੋਂ ਦੇਖਦੀ ਹੈ।ਅਜਿਹਾ ਕਰਦਿਆਂ ਇਹ ਧਿਰ ਜਿੱਥੇ ਸਮਕਾਲ ਵਿਚਲੇ ਆਪਣੇ ਹਿੰਸਕ ਸੰਘਰਸ਼ ਨੂੰ ਜਾਇਜ਼ਤਾ ਪ੍ਰਦਾਨ ਕਰਦੀ ਹੈ, ਉੱਥੇ ਆਪਣੇ ਉਦੇਸ਼ ਨੂੰ ਵੀ ਸਪੱਸ਼ਟ ਕਰਦੀ ਹੈ:-

*ਜੋ ਅੱਗ ਦੀ ਗੱਲ ਤੂੰ ਤੋਰੀ ਸੀ*

*ਉਸਦਾ ਅੱਜ ਤੀਕਰ*

*ਹੈ ਸਫ਼ਰ ਜਾਰੀ*[26]

ਅੱਗ ਊਰਜਾ ਦੀ ਚਿਹਨਕ ਬਣਦੀ ਹੈ। ਜਗਤਾਰ ਤੂੰ (ਭਗਤ ਸਿੰਘ) ਵਿਚੋਂ ਨਕਸਲਬਾੜੀ ਲਹਿਰ ਦੀ ਲਗਾਤਾਰਤਾ ਦੇਖ ਰਿਹਾ ਹੈ। 'ਮੈਂ' ਅਤੇ 'ਤੂੰ' ਦਾ ਸੰਵਾਦ ਆਪਣੇ ਲਈ ਹੀ ਨਹੀਂ ਬਲਕਿ ਪੜ੍ਹਨ/ਸੁਣਨ ਵਾਲੇ ਸਾਰੇ ਲੋਕਾਂ ਲਈ ਹੈ। ਇਹ ਸੰਵਾਦ ਸੰਘਰਸ਼ ਦੀ ਲੋੜ ਦਾ ਪ੍ਰਵਚਨ ਹੈ। 'ਮੈਂ' ਇਸ ਸੰਵਾਦ ਵਿਚੋਂ ਆਪਣੀ ਅਤੇ ਆਪਣੇ ਵਰਗੇ ਹੋਰ ਲੋਕਾਂ ਦੀ ਦੁਬਿਧਾ ਦਾ ਹੱਲ ਤਲਾਸ਼ਣ ਲਈ ਯਤਨਸ਼ੀਲ ਹੈ:-

*ਤੇ ਹੁਣ ਇਹ ਫੈਸਲਾ ਕਰਨਾ ਹੀ ਪੈਣਾ ਹੈ*

*ਅਸੀਂ ਬੁਜ਼ਦਿਲ ਬਣੇ ਰਹਿਣਾ?*

*ਜਾਂ ਉਨ੍ਹਾਂ ਦੀ ਸ਼ਹਾਦਤ ਦੇ*

*ਅਸੀਂ ਸੱਚੇ ਗਵਾਹ ਬਣ ਕੇ*

*ਉਨ੍ਹਾਂ ਦੇ ਖ਼ੂਨ ਦੀ ਗਾਥਾ*

*ਹੈ ਹਰ ਦੀਵਾਰ ਤੇ ਲਿਖਣੀ?*

*ਜਾਂ ਊਧਮ ਸਿੰਘ ਬਣਕੇ*

*ਖ਼ੂਨ ਦਾ ਕਰਜਾ ਚੁਕਾਉਣਾ ਹੈ?*[27]

'ਖ਼ੂਨ' ਲਹੂ ਦੇ ਨਕਸ਼ ਪਾਠ ਦਾ ਕੇਂਦਰੀ ਚਿਹਨ ਹੈ। ਲਹੂ ਪਹਿਲੀ ਪੜ੍ਹਤ ਵਿਚ ਜ਼ਿੰਦਗੀ ਦਾ ਚਿਹਨਕ ਹੈ ਜਦ ਕਿ ਦੂਜੀ ਪੜ੍ਹਤ ਵਿਚੋਂ ਸ਼ਹਾਦਤ ਅਤੇ ਕ੍ਰਾਂਤੀ ਨੂੰ ਚਿਹਨਤ ਕਰਦਾ ਹੈ:-

*ਖ਼ੂਨ ਲੋਕਾਂ ਦਾ ਹੈ ਇਹ ਪਾਣੀ ਨਹੀਂ*

*ਏਸ ਦੀ ਸੁਰਖ਼ੀ ਕਦੇ ਜਾਣੀ ਨਹੀਂ*[28]

ਖ਼ੂਨ ਦੀ ਵਿਸ਼ੇਸ਼ਤਾ ਲੋਕਾਂ ਨਾਲ ਸੰਬੰਧਿਤ ਹੋਣ ਵਿਚ ਹੈ। ਲੋਕ ਇਸ ਲਹੂ ਨੂੰ ਚੰਗੇ ਭਵਿੱਖ ਲਈ ਕੁਰਬਾਨ ਕਰਨ ਨੂੰ ਤਿਆਰ ਹਨ। ਸੰਬੰਧਿਤ ਪਾਠ ਵਿਚ ਉਹੀ ਵਿਅਕਤੀ ਨਾਇਕ ਹੈ ਜੋ ਅਜਿਹਾ ਕਰ ਸਕਦਾ ਹੈ:-

*ਜੇਲ੍ਹ ਦੀ ਗੁੰਮ ਸੁੰਮ*

*ਅਤੇ ਤੰਗ ਕੋਠੜੀ ਵਿਚ*

*ਉਸਨੇ ਦੀਵਾਰ 'ਤੇ*

*ਆਪਣੇ ਲਹੂ ਦੇ ਨਾਲ*

*ਪਹਿਲਾ ਸ਼ਬਦ ਲਿਖਿਆ*

*ਜ਼ਿੰਦਗੀ*

*ਦੂਸਰਾ ਕ੍ਰਾਂਤੀ*

*ਅਤੇ ਤੀਜਾ ਆਜ਼ਾਦੀ*[29]

ਜ਼ਿੰਦਗੀ ਲਈ ਆਜ਼ਾਦੀ ਜਰੂਰੀ ਹੈ ਅਤੇ ਅਜ਼ਾਦੀ ਕ੍ਰਾਂਤੀ ਬਿਨਾ ਸੰਭਵ ਨਹੀਂ। ਕ੍ਰਾਂਤੀ ਲਹੂ ਮੰਗਦੀ ਹੈ। ਵਿਚਾਰਧੀਨ ਸਮੁੱਚਾ ਪਾਠ ਲਹੂ ਦੇ ਨਕਸ਼

ਪਛਾਣਨ ਦਾ ਹੀ ਯਤਨ ਹੈ। ਇਹ ਲਹੂ ਮਿੱਟੀ ਨਾਲ ਇਕ-ਮਿਕ ਹੈ। ਮਿੱਟੀ ਦੇਸ਼ ਦੀ ਚਿਹਨਕ ਹੈ। ਮਿੱਟੀ ਆਮ ਆਦਮੀ ਦੇ ਲਹੂ ਵਿਚ ਰਚੀ ਮਿਚੀ ਹੈ:-

*ਜੀ ਮੇਰੇ ਕੋਲੋਂ ਹਾਲੇ ਵੀ ਬਦਬੂ ਆਉਂਦੀ ਹੋਵੇਗੀ।*
*ਮੈਂ ਮੰਨਦਾ ਹਾਂ*
*ਕਿਉਂਕਿ ਉਸ ਬਸਤੀ ਦੀ ਮਿੱਟੀ*
*ਮੇਰੇ ਅੰਗਾਂ ਅੰਦਰ ਛੁਪ ਕੇ*
*ਮੇਰੇ ਨਾਲ ਚਲੀ ਆਈ ਹੈ।* [30]

ਮਿੱਟੀ ਪ੍ਰਬੰਧ ਲਈ ਬਦਬੂ ਹੈ। ਪ੍ਰੰਤੂ ਗੁਰੀਲੇ ਦੇ ਅੰਦਰ ਰਚੀ ਹੋਈ ਹੈ। ਮਿੱਟੀ ਰਾਹੀਂ ਗੁਰੀਲੇ ਅਤੇ ਪ੍ਰਬੰਧ ਦੀ ਦੇਸ਼ ਪ੍ਰਤੀ ਭਾਵਨਾ ਵੀ ਚਿਹਨਤ ਹੋ ਰਹੀ ਹੈ। ਸਮੁੱਚੀ ਜੁਝਾਰਵਾਦੀ ਪੰਜਾਬੀ ਕਵਿਤਾ ਅਤੇ ਨਕਸਲਬਾੜੀ ਲਹਿਰ ਲਈ ਹੀ ਦੇਸ਼ ਦੀ ਚਿਹਨਕਤਾ ਵੱਖਰੀ ਹੈ:-

*ਤੇ ਫਿਰ ਇਕ ਰਾਤ/ਮੈਂ ਉਨਾਂ 'ਚ ਸ਼ਾਮਿਲ ਹੋ ਗਿਆ*
*ਜਿਨ੍ਹਾਂ ਖੇਤਾਂ ਦੀ ਮਿੱਟੀ ਚੁੰਮ ਕੇ ਤੇ*
*ਸੀ ਕਸਮ ਖਾਧੀ*
*ਇਹ ਸਭ ਕੁਝ ਰਹਿਣ ਨਹੀਂ ਦੇਣਾ*
*ਤੇ ਹੁਣ ਕਾਨੂੰਨ ਨੇ/ਸਾਡੇ ਸਿਰਾਂ ਦਾ*
*ਮੁੱਲ ਪਾਇਆ ਹੈ*
*ਅਸੀਂ ਸਭ ਦੇਸ਼ ਧਰੋਹੀ ਹਾਂ* [31]

ਦੇਸ਼ ਲਈ ਲੜਨ ਵਾਲੇ ਕਾਨੂੰਨ ਦੀ ਨਜ਼ਰ ਵਿਚ ਦੇਸ਼ ਧਰੋਹੀ ਹਨ। ਇਹ ਵਰਤਾਰਾ ਕਾਨੂੰਨ ਨੂੰ ਵੀ ਨਵੇਂ ਸਿਿਰਉਂ ਪਰਿਭਾਸ਼ਤ ਕਰ ਰਿਹਾ ਹੈ। ਕਾਨੂੰਨ ਲਈ ਦੇਸ਼ ਦੀ ਜੋ ਚਿਹਨਕਤਾ ਹੈ 'ਮੈਂ' ਲਈ ਉਸ ਤਰ੍ਹਾਂ ਨਹੀਂ ਹੈ:-

*ਜਿਸਨੂੰ ਬੜੀ ਦੇਰ ਮੈਂ*
*ਆਪਣਾ ਦੇਸ਼ ਸਮਝਿਆ*
*ਇਸ ਵਿਚ ਮੇਰੇ ਨਾਲ*
*ਬਦੇਸ਼ੀਆਂ ਵਰਗਾ ਵਰਤਾਰਾ ਹੋਇਆ ਹੈ* [32]

ਤੇ ਹੁਣ ਜਦੋਂ ਦੇਸ਼ ਦੀ ਚਿਹਨਕਤਾ ਵੱਖਰੀ ਹੈ ਤਾਂ ਯਕੀਨਨ ਯੁੱਧ ਦੀ ਚਿਹਨਕਤਾ ਵੀ ਵੱਖਰੀ ਹੋਵੇਗੀ:-

*ਮੈਂ ਉਹਨਾਂ 'ਚ ਸ਼ਾਮਿਲ ਹਾਂ*
*ਜਿਨ੍ਹਾਂ ਨੇ ਰੇਡੀਓ ਤੋਂ/ਕਾਲੀਆਂ ਭੇਡਾਂ ਦੇ*
*ਸੁਰ ਪਹਿਚਾਣ ਕੇ/ ਲੋਕਾਂ 'ਚ ਗੱਲ ਤੋਰੀ*
*ਤੇ ਸੂਲੀ ਦੀ ਕਸਮ ਖਾਧੀ*
*ਕਿ ਇਨ੍ਹਾਂ ਕਾਲੀਆਂ ਭੇਡਾਂ ਨੂੰ*
*ਖੇਤਾਂ ਦਾ ਹਰਾ ਘਾਹ ਖਾਣ ਨਹੀਂ ਦੇਣਾ*
*ਤੇ ਹੱਦਾਂ ਵੱਲ ਪਿੱਠ ਕਰਕੇ*
*ਰਫ਼ਲ ਦਾ ਰੁੱਖ ਬਦਲਿਆ ਹੈ।* [33]

ਹੱਦਾਂ ਵੱਲ ਪਿੱਠ ਕਰਨ ਨਾਲ ਰਣ ਖੇਤਰ ਬਦਲ ਜਾਂਦਾ ਹੈ। ਯੁੱਧ ਹੱਦ ਦੇ ਅੰਦਰ ਹੈ। ਯੁੱਧ ਦੀ ਸਥਿਤੀ ਦੇਸ਼ ਨੂੰ ਪਰੰਪਰਕ ਚਿਹਨ ਤੱਕ ਸੀਮਿਤ ਨਹੀਂ ਰਹਿਣ ਦਿੰਦੀ। ਕਿਉਂਕਿ ਇਥੇ ਦੇਸ਼ ਨੂੰ ਚਲਾਉਣ ਵਾਲੇ ਗੱਦਾਰ (ਕਾਲੀਆਂ ਭੇਡਾਂ) ਹਨ। ਕਾਵਿ-ਮੈਂ ਇਸ ਪ੍ਰਬੰਧ ਨੂੰ ਬਦਲਣ ਲਈ ਤਤਪਰ ਹੈ। ਪ੍ਰਬੰਧ ਇਸ ਨੂੰ ਇਸੇ ਤਰ੍ਹਾਂ ਰੱਖਣਾ ਚਾਹੁੰਦਾ ਹੈ। ਉਹ ਲੋਕਾਂ ਨੂੰ ਦੱਸਦਾ ਹੈ ਕਿ ਦੇਸ ਆਜ਼ਾਦ ਹੈ। ਇਸ ਲਈ ਗੁਰੀਲੇ ਦੀ ਨਜ਼ਰ ਵਿਚ ਆਜ਼ਾਦੀ ਦਾ ਚਿਹਨ ਵੀ ਤਿੜਕ ਜਾਂਦਾ ਹੈ। 1947 ਈ. ਵਿਚ ਪ੍ਰਾਪਤ ਹੋਈ ਭਾਰਤ ਦੀ ਆਜ਼ਾਦੀ 'ਲਹੂ ਦੇ ਨਕਸ਼' ਪਾਠ ਵਿਚ ਅਧੂਰੇਪਣ ਦੇ ਚਿਹਨ ਵਜੋਂ ਪੇਸ਼ ਹੁੰਦੀ ਹੈ। 1857 ਈ: ਦੇ ਗ਼ਦਰ ਦੇ ਪ੍ਰਤੀਕਾਂ ਨੂੰ ਜਗਤਾਰ ਨਕਸਲਬਾੜੀ ਲਹਿਰ ਦੌਰਾਨ ਦੁਹਰਾਉਣਾ ਚਾਹੁੰਦਾ ਹੈ। ਇਸ ਬਗਾਵਤ ਦੌਰਾਨ ਰੋਟੀਆਂ ਤੇ ਫੁੱਲ ਵਰਤਾਉਣ ਦੀ ਰਸਮ ਯੁੱਧ ਦਾ ਬਿਗਲ ਵਜਾਉਣ ਨੂੰ ਚਿਹਨਤ ਕਰਦੀ ਹੈ।ਜਗਤਾਰ ਇਸ ਰਸਮ ਸਮਕਾਲ ਵਿਚ ਦੁਹਰਾ ਕੇ ਜਮਾਤੀ ਲੜਾਈ ਦਾ ਬਿਗਲ ਵਜਾਉਣ ਦੀ ਅਕਾਂਖਿਆ ਦਾ ਇਜ਼ਹਾਰ ਇਸ ਤਰ੍ਹਾਂ ਕਰਦਾ ਹੈ:-

*ਇਹ ਭੁੱਖਾਂ ਨਾਲ ਉੱਗੇ*
*ਆਂਦਰਾਂ ਵਿਚ ਦੰਦ ਸਾਥੋਂ ਮੰਗ ਕਰਦੇ ਨੇ*
*ਪੁਰਾਣੀ ਰਸਮ ਦੁਹਰਾਈ ਏ*
*ਤੇ ਆਓ*
*ਰੋਟੀਆਂ ਤੇ ਫੁੱਲ ਗੁਲਾਬਾਂ ਦੇ*
*ਘਰਾਂ ਵਿਚ ਫੇਰ ਵਰਤਾਈਏ* [34]

ਲਹੂ ਦੇ ਨਕਸ਼ ਪਾਠ ਵਿਚ ਦੇਸ਼, ਆਜ਼ਾਦੀ, ਕਾਨੂੰਨ ਆਦਿ ਵਾਂਗ ਹੀ ਵਿਰਾਸਤ ਵੀ ਗ਼ੈਰ ਗੌਰਵ ਯੋਗ ਚਿਹਨ ਵਜੋਂ ਪੇਸ਼ ਹੁੰਦੀ ਹੈ।

*ਸਾਨੂੰ ਵਿਰਸੇ 'ਚੋਂ/ਬੋਲ਼ੇ ਕੰਨ/ਘੋੜੇ ਦੇ ਸੁੰਮ*
*ਜੁੜੇ ਹੋਏ ਹੱਥ/ਇੱਕ ਇਕ ਪੱਥਰ ਦੀ ਅੱਖ*
*ਨੇਰ੍ਹ, ਰੋਗ/ਮੱਕੜੀਆਂ, ਜਾਲੇ,*
*ਰੱਸੀ/ਮੌਤ ਦੇ ਪੋਰਟਰੇਟ ਤੇ ਕਬਰਾਂ*
*ਰਾਮ ਤੇ ਰਾਵਣ ਦਾ ਫ਼ਲ*
*ਕਲਪਤ ਪਰੀਆਂ/ਤੇ ਬੇਅੰਤ ਖ਼ੁਦਾ ਮਿਲੇ ਸਨ*
*ਹਰ ਇਕ ਕਹਿਰ ਨੂੰ/ਕਰਮਾ ਦੀ ਗਤ*
*ਜਾਂ ਫਿਰ ਦੇਵਤਿਆਂ ਦੀ/ਕੋਈ ਕਰੋਪੀ ਮੰਨਣਾ ਪੈਂਦਾ* [35]

ਭਾਰਤੀ ਵਿਰਾਸਤ ਧਰਮ ਦੀ ਪੈਰੋਕਾਰ ਹੈ। ਮੌਜੂਦਾ ਗਿਆਨ, ਧਰਮ ਪ੍ਰਬੰਧ ਤੋਂ ਇਨਕਾਰੀ ਹੈ। ਉਸ ਲਈ ਧਰਮ ਅਤੇ ਵਿਰਾਸਤ ਦੋਵੇਂ ਹੀ ਰੱਦਣਯੋਗ ਹਨ। ਭਾਰਤੀ ਮਿਥਿਹਾਸਕ ਪਰੰਪਰਾ ਦੇ ਉਲਟ 'ਈਸਾ' ਲਹੂ ਦੇ ਨਕਸ਼ ਪਾਠ ਵਿਚ ਵਾਰ ਵਾਰ ਸਕਾਰਤਮਕ ਚਿਹਨ ਵਜੋਂ ਪੇਸ਼ ਹੁੰਦਾ ਹੈ: -

*ਮੈਨੂੰ ਛੇਤੀ/ ਨਿਆਂਸ਼ਾਲਾ ਵਿਚੋਂ*
*ਮਕਤਲ ਵਿਚ ਲੈ ਚੱਲੋ*
*ਤਾਂ ਕਿ ਮੇਰਾ ਲਹੂ ਆਪਣੇ ਗਰਭ ਵਿਚ ਲੈ ਕੇ*
*ਮਿੱਟੀ ਗਰਭਵਤੀ ਹੋ ਜਾਏ*
*ਤੇ ਕੋਈ ਇਬਨੇ ਮਰੀਅਮ*
*ਕੰਡਿਆ ਦਾ ਸਿਰਤਾਜ ਪਹਿਨ ਨੇ*
*ਇਸ ਮਿੱਟੀ ਨੂੰ*
*ਸਜਦਾ ਕਰਨ ਲਈ ਮੁੜ ਆਏ* [36]

ਸੂਰਜ ਬਨਾਮ ਹਨੇਰਾ ਜੁਝਾਰਵਾਦੀ ਕਾਵਿ ਧਾਰਾ, ਵਿਚ ਵਾਰ ਵਾਰ ਪੇਸ਼ ਹੋਣ ਵਾਲੇ ਚਿਹਨ ਹਨ। ਲਹੂ ਦੇ ਨਕਸ਼ ਪਾਠ ਵਿਚ ਹਨੇਰਾ ਰਾਜਨੀਤਿਕ ਪ੍ਰਬੰਧ ਅਤੇ ਧਾਰਮਿਕ ਵਿਵਸਥਾ ਦਾ ਚਿਹਨਕ ਬਣਦਾ ਹੈ।ਸੂਰਜ ਤੇ ਕਿਤਾਬਾਂ ਦਾ ਵਿਰੋਧ ਇਸ ਹਨੇਰੇ ਨਾਲ ਹੈ। ਇਨਾਂ ਦੋਹਾਂ ਧਿਰਾਂ ਦਾ ਸਪੱਸ਼ਟ ਟਕਰਾਅ ਪੂਰੇ ਪਾਠ ਵਿਚ ਜਾਰੀ ਹੈ:-

*ਰਾਤ ਦਿਨ ਇਕ ਸਾਨ੍ਹ/ ਮੇਰਾ ਪਿੱਛਾ ਕਰਦਾ ਹੈ*
*ਤੇ ਚਾਹੁੰਦਾ ਹੈ/ਮੈਂ ਆਪਣੀ ਜੇਬ ਵਿਚੋਂ*
*ਸੂਰਜ ਦੇ ਟੁਕੜੇ ਕੱਢ ਕੇ/ ਨਦੀ ਵਿਚ ਸੁੱਟ ਦੇਵਾਂ* [37]

ਸਾਨ੍ਹ ਆਪਣੀ ਤਾਕਤ ਕਾਰਨ ਪ੍ਰਬੰਧ ਦਾ ਚਿਹਨਕ ਬਣਦਾ ਹੈ। ਸੂਰਜ ਗਿਆਨ ਦਾ ਚਿਹਨਕ ਹੈ, ਜੋ ਜੇਬ ਵਿਚ ਹੈ। ਜੇਬ ਦੌਲਤ ਦੀ ਚਿਹਨਕ ਹੈ। ਗਿਆਨ ਦੀ ਦੌਲਤ ਨੂੰ ਪ੍ਰਬੰਧ ਨਦੀ ਵਿਚ ਸੁਟਵਾਉਣਾ ਚਾਹੁੰਦਾ ਹੈ। ਨਦੀ ਬੇਰੋਕ ਚਲਦੀ ਜ਼ਿੰਦਗੀ ਦੀ ਚਿਹਨਕ ਬਣਦੀ ਹੈ। ਗਿਆਨਵਾਨ ਵਿਅਕਤੀ ਅਬਦਲ ਪ੍ਰਬੰਧ ਨੂੰ ਬਦਲਣਾ ਚਾਹੁੰਦਾ ਹੈ। ਇਹ ਕਾਰਜ ਹੋਰ ਵੀ ਔਖਾ ਹੋ ਜਾਂਦਾ ਹੈ ਜਦੋਂ ਸਮਾਜ ਦਾ ਇੱਕ ਵੱਡਾ ਹਿੱਸਾ ਗਿਆਨ ਵਿਹੂਣਾ ਜੀਅ ਰਿਹਾ ਹੈ:-

*ਤੂੰ ਸੂਰਜ ਵੱਲ/ਪਿੱਠ ਕੀਤੀ ਖੜਾ ਏਂ*
*ਤੇ ਆਪਣੀ ਛਾਂ 'ਤੇ ਹੀ*
*ਆਸ਼ਕ ਬੜਾ ਏਂ।* [38]

ਆਪਣੀ ਛਾਂ ਤੇ ਆਸ਼ਕੀ ਦਾ ਚਿਹਨ ਪਰਕਾਰ ਦੇ ਦਾਇਰਿਆਂ ਦਾ ਹੀ ਦੂਜਾ ਰੂਪ ਹੈ ਅਤੇ ਇਹ ਅਖੌਤੀ ਬੁੱਧੀਜੀਵੀਆਂ ਉਪਰ ਵਿਅੰਗ ਵੀ ਬਣਦਾ ਹੈ। 'ਸੂਰਜ' ਦੀ ਪ੍ਰਾਪਤੀ ਦੀ ਕੀਮਤ ਸਿਰ ਹੈ:-

*ਪਰ, ਉਨ੍ਹਾਂ ਨੂੰ ਪਤਾ ਨਹੀਂ*
*ਜਿਨ੍ਹਾਂ ਨੇ ਸਿਰ ਦੇ ਕੇ*
*ਸੂਰਜ ਦੇ ਟੁਕੜੇ ਲਏ ਹਨ*
*ਉਨ੍ਹਾਂ ਦਾ ਸਿਰ*
*ਕਿਵੇਂ ਵੱਢਿਆ ਜਾ ਸਕਦਾ ਹੈ?* [39]

ਵਿਅਕਤੀ ਕੋਲ ਸਿਰ ਤੋਂ ਕੀਮਤੀ ਕੋਈ ਸ਼ੈਅ ਨਹੀਂ ਹੈ। ਸੂਰਜ (ਗਿਆਨ) ਲਈ ਇਹ ਕੁਰਬਾਨ ਕਰਨੀ ਪੈਣੀ ਹੈ। ਸਿਰ ਦੇਣ ਦੀ ਪਹਿਲੀ ਚਿਹਨਕਤਾ ਜ਼ਿੰਦਗੀ ਦੀ ਕੁਰਬਾਨੀ ਵਿਚ ਨਿਹਤ ਹੈ ਜਦਕਿ ਦੂਜੀ ਪੜ੍ਹਤ ਵਿਚ ਇਹ ਹਉਮੈਂ ਮਾਰਨ ਨੂੰ ਚਿਹਨਤ ਕਰਦੀ ਜਾਪਦੀ ਹੈ। ਕਿਉਂਕਿ ਹਉਮੈਂ ਦਾ ਖ਼ਾਤਮਾ ਲਾਲਚ/ਲਾਲਸਾ ਦਾ ਵੀ ਖਾਤਮਾ ਬਣਦਾ ਹੈ। ਲਾਲਸਾ ਖਤਮ ਹੋਣ ਨਾਲ ਹੀ ਗਿਆਨਵਾਨ ਸਿਰ ਮੌਤ ਤੋਂ ਮੁਕਤ ਹੋ ਜਾਂਦਾ ਹੈ:-

*ਮੇਰੀਆਂ ਅੱਖਾਂ/ਕੰਨ ਤਾਂ ਜਿਹਨ ਤਲਾਸ਼ੀ ਵੇਲੇ*
*ਬਖ਼ਸ਼ੀਆਨੇ ਅੰਦਰ ਜਮਾ ਕਰਾ ਦਿੱਤੇ ਸਨ*
*ਇਹ ਕੰਨ ਜਿਹਨ ਤੇ ਅੱਖਾਂ*
*ਜੀ ਇਹ ਤਾਂ ਨਵੀਆਂ ਉੱਗੀਆਂ ਨੇ।* [40]

ਲਹੂ ਦੇ ਨਕਸ਼ ਪਾਠ ਵਿਚ ਬਹੁਤ ਚਿਹਨਕ ਦੋਹਰੀ ਚਿਹਨਕਤਾ ਸਮੇਤ ਪੇਸ਼ ਹੁੰਦੇ ਹਨ। ਇੱਕੋ ਚਿਹਨ ਜੋ ਪਹਿਲਾਂ ਆਪਣੀ ਸੂਖਮਤਾ ਸਮੇਤ ਪੇਸ਼ ਹੁੰਦਾ ਹੈ ਤੇ ਬਾਅਦ ਵਿਚ ਉਹੀ ਚਿਹਨ ਸਥੂਲ ਵਿਚ ਬਦਲ ਜਾਂਦਾ ਹੈ:-

*ਮੈਂ ਅਕਸਰ ਸੋਚਦਾ ਸਾਂ*
*ਉਹ ਕਿਹੜੇ ਲੋਕ ਨੇ/ਜਿਨ੍ਹਾਂ ਲਈ ਸੁਨਿਆਰ*
*ਸੋਨੇ ਤੇ ਵੀ ਵੇਲਾਂ ਪਾ ਰਹੇ ਨੇ*
*ਅਸਾਡੇ ਘਰ ਤਾਂ ਲਾਈ ਵੇਲ ਵੀ*
*ਪਾਣੀ ਦੀ ਥੁੜ ਕਾਰਨ ਹੈ ਮਰ ਜਾਂਦੀ* [41]

ਸੋਨੇ 'ਤੇ ਪਾਈ ਵੇਲ ਕਲਾ ਦੀ ਥਾਂ ਦਮਨ ਦੀ ਚਿਹਨਕ ਬਣ ਜਾਂਦੀ ਹੈ। ਪ੍ਰਕਿਰਤ ਵੇਲ ਦਾ ਪਾਣੀ ਥੁੜੋਂ ਸੁੱਕਣਾ, ਥੁੜ੍ਹ/ਦਰਦ ਦੀ ਸਿਖ਼ਰ ਦਾ ਚਿਹਨਕ ਬਣਦਾ ਹੈ। ਸੋਨੇ ਦੀ ਹਾਜ਼ਰੀ ਅਤੇ ਪਾਣੀ ਦੀ ਗ਼ੈਰ-ਹਾਜ਼ਰੀ ਸ਼ਕਤੀਸ਼ਾਲੀ ਢੰਗ ਨਾਲ ਭਾਵਾਂ ਦਾ ਪ੍ਰਗਟਾਅ ਹਨ। ਅਜਿਹੇ ਦੁਵੱਲੇ/ਦਵੰਦਾਤਮਕ ਚਿਹਨ ਜਗਤਾਰ ਕਾਵਿ ਦਾ ਹਾਸਿਲ ਬਣਦੇ ਹਨ:-

*ਇਹ ਗੁਲਮੋਹਰ ਦੇ ਫੁੱਲਾਂ ਵਰਗੀਆਂ ਕੁੜੀਆਂ*
*ਜੋ ਗ਼ਮ ਨਾਲ/ਅਮਲਤਾਸ ਹੋ ਗਈਆਂ* [42]

ਗੁਲਮੋਹਰ ਸੁਰਖ਼ੀ ਰਾਹੀਂ ਜਵਾਨੀ ਦਾ ਚਿਹਨਕ ਹੈ ਅਮਲਤਾਸ ਆਪਣੇ ਪੀਲੇਪਣ ਰਾਹੀਂ ਬੀਮਾਰ/ਕਮਜ਼ੋਰ ਦਾ ਚਿਹਨਕ ਬਣਦਾ ਹੈ। ਗੁਲਮੋਹਰ ਅਤੇ ਅਮਲਤਾਸ ਇੱਕ ਰੁੱਤ ਵਿਚ ਬਹੁਤ ਥੋੜੇ ਸਮੇਂ ਲਈ ਖਿੜਦੇ ਹਨ। ਸੁਰਖ ਦੇ ਪੀਲੱਤਣ ਵਿਚ ਬਦਲਣ ਸਮਾਂ ਬਹੁਤ ਥੋੜਾ ਹੈ। ਕਾਲ ਦੀ ਇਹ ਸੀਮਾ ਸਥਿਤੀਆਂ ਦੀ ਭਿਆਨਕਤਾ ਦੀ ਚਿਹਨਕ ਬਣਦੀ ਹੈ।

ਲਹੂ ਦੇ ਨਕਸ਼ ਪਾਠ ਵਿਚ 'ਸ਼ਬਦ' ਵਾਰ ਵਾਰ ਆਉਂਦਾ ਹੈ। ਪਹਿਲੀ ਪੜ੍ਹਤ ਵਿਚ ਸ਼ਬਦ ਦੀ ਚਿਹਨਕਤਾ ਦਾ ਸੰਬੰਧ ਸੰਚਾਰ ਨਾਲ ਜੁੜਦਾ ਹੈ ਪ੍ਰੰਤੂ ਦੂਜੀ ਪੜ੍ਹਤ ਵਿਚ ਇਕ ਖ਼ਾਸ ਤਰ੍ਹਾਂ ਦੇ ਗਿਆਨ ਦਾ ਚਿਹਨਕ ਵੀ ਬਣਦਾ ਹੈ।ਇਹ ਗਿਆਨ ਸੰਚਾਰ ਹੋਣ ਨਾਲ ਹੀ ਆਪਣੀ ਸਾਰਥਿਕਤਾ ਗ੍ਰਹਿਣ ਕਰਦਾ ਹੈ:-

*ਅਸਲ ਵਿਚ ਸ਼ਬਦ ਦੀ ਪਹਿਚਾਣ ਹੀ ਤਾਂ*
*ਇਕ ਰਿਸ਼ਤਾ ਹੈ*
*ਜੇ ਕੋਈ ਸ਼ਬਦ ਦੀ ਪਹਿਚਾਣ ਹੀ*
*ਭੁੱਲ ਜਾਏ ਤਾਂ ਕਾਹਦਾ ਗਿਲਾ* [43]

ਸ਼ਬਦ ਦੀ ਪਛਾਣ ਤੋਂ ਮੁਨਕਰ ਹੋਣਾ ਗਿਆਨ ਤੋਂ ਬੇਮੁੱਖ ਹੋਣ ਦਾ ਚਿਹਨਕ ਬਣਦਾ ਹੈ। ਜਦੋਂ ਸ਼ਬਦ ਦੀ ਪਹਿਚਾਣ ਭੁੱਲ ਚੁੱਕੇ ਲੋਕਾਂ ਤੱਕ ਗਿਆਨ ਸੰਚਰਿਤ ਨਹੀਂ ਕੀਤਾ ਜਾ ਸਕਦਾ, ਉਦੋਂ ਤਲਵਾਰ ਹੀ ਬਚਦੀ ਹੈ:-

*ਇਸ ਵੇਲੇ ਕੇਵਲ ਸ਼ਬਦਾਂ ਦੀ ਸ਼ਕਤੀ*
*ਮਿੱਤਰੋ ਅਰਥਹੀਣ ਹੈ*
*ਹੁਣ ਸ਼ਸਤਰ ਦੀ ਸ਼ਕਤੀ ਪੁੱਗੇ* [44]

ਸਮੁੱਚੀ ਜੁਝਾਰਵਾਦੀ ਕਵਿਤਾ ਅਤੇ ਨਕਸਲਬਾੜੀ ਲਹਿਰ ਇਸ ਸੰਵਾਦ ਵਿਚ ਵਿਰੋਧਾਭਾਸ ਦਾ ਸ਼ਿਕਾਰ ਰਹੀ ਹੈ। ਇਕ ਪਾਸੇ ਵਿਚਾਰਧਾਰਕ ਅਧਿਐਨ ਦਾ ਸਵਾਲ ਹੈ ਦੂਜੇ ਪਾਸੇ ਪ੍ਰਬੰਧ ਦੇ ਜ਼ੁਲਮ ਵਿਰੁੱਧ ਸੰਘਰਸ਼/ਯੁੱਧ ਦੀ ਲੋੜ ਹੈ। ਲਹੂ ਦੇ ਨਕਸ਼ ਪ੍ਰਤਿਰੋਧ ਦੀ ਕਵਿਤਾ ਹੈ, ਇਸ ਲਈ ਸੰਭਵ ਹੈ ਕਿ ਕਿਤੇ ਕਿਤੇ ਇਹ ਨਾਹਰਾ ਬਣ ਜਾਂਦੀ ਹੈ:-

*ਭੂਤਨੀ ਦੇ ਪੁੱਤਰੋ*
*ਉਠ ਦੀ ਔਲਾਦ ਉੱਚ ਅਧਿਕਾਰੀਓ*
*ਰੋਕੋ ਮੇਰੀ ਆਵਾਜ਼ ਰੋਕੋ*
*ਅੱਗ ਦੀਆਂ ਬਣ ਕੇ ਲਕੀਰਾਂ*
*ਜੋ ਖ਼ਲਾ ਵਿਚ ਫੈਲ ਰਹੀ ਹੈ* [45]

ਜੁਝਾਰਵਾਦੀ ਕਵਿਤਾ ਵਿਚ ਨਾਹਰਾ ਆਪਣਾ ਪ੍ਰਭਾਵ ਬਣਾਈ ਰੱਖਦਾ ਹੈ, ਕਿਉਂਕਿ ਗੁਰੀਲੇ ਅਤੇ ਕਵੀ ਵਿਚ ਸਮਤੋਲ ਰੱਖਣਾ ਬਹੁਤ ਕਠਿਨ ਹੈ। ਲਹੂ ਦੇ ਨਕਸ਼ ਪਾਠ ਵਿਚ ਵੀ ਵਿਰੋਧੀਆਂ ਲਈ, ਮਗਰਮੱਛ, ਕਾਲਖ਼ ਦੇ ਵਣਜਾਰੇ, ਡਰਨਾ, ਕਾਠ ਦੇ ਪੁਤਲੇ, ਸੌਂਘੇ ਜਹਾਜੀ ਕੁੱਤੇ, ਸੱਪ ਆਦਿ ਜਿਹੇ ਚਿਹਨਕ ਇਸਤੇਮਾਲ ਹੁੰਦੇ ਹਨ।

ਲਹੂ ਦੇ ਨਕਸ਼ ਪਾਠ ਵਿਚ ਕਿਤੇ ਕਿਤੇ ਕਵੀ ਬਿਲਕੁਲ ਨਿੱਜੀ ਭਾਵ ਚਿਤਰਨ ਲੱਗਦਾ ਹੈ। ਇਹ ਭਾਵ ਜਿਨਸੀ ਲੋੜਾਂ ਉਪਰ ਕੇਂਦਰਿਤ ਹੁੰਦੇ ਜਾਪਦੇ ਹਨ:-

*ਬੜੇ ਹੀ ਦਿਨਾਂ ਤੋਂ ਬਿਮਾਰ ਬਿਸਤਰ 'ਤੇ*
*ਪਿਆ ਹਾਂ ਮੈਂ*
*ਮਿਰੇ ਕਮਰੇ ਦੇ ਅੰਦਰ ਇਕ ਕਲੌਕ ਉਤੇ*
*ਹੈ ਚਿੜੀਆਂ ਆਲਣਾ ਪਾਇਆ।* [46]

ਇਹ ਕਵਿਤਾ ਲਹੂ ਦੇ ਨਕਸ਼ ਪਾਠ ਦਾ ਵਿਰੋਧੀ ਚਿਹਨ ਪੇਸ਼ ਕਰਦੀ ਹੈ। ਇਸੇ ਤਰ੍ਹਾਂ ਹੀ ਇਸ ਪਾਠ ਵਿਚ ਸ਼ਾਮਿਲ ਦੋ ਗ਼ਜ਼ਲਾਂ ਵੀ ਵੱਖਰੀ ਤਰਾਂ ਦਾ ਤਜਰਬਾ ਹੈ। ਕਿਉਂਕਿ ਗ਼ਜ਼ਲ ਕਾਵਿ ਰੂਪ ਦੀ ਆਪਣੀ ਵੱਖਰੀ ਚਿਹਨਕਤਾ ਹੈ ਜੋ ਲਹੂ ਦੇ ਨਕਸ਼ ਵਿਚ ਸ਼ਾਮਿਲ ਹੋ ਕੇ ਵੱਖਰਾ ਚਿਹਨ ਪ੍ਰਬੰਧ ਉਸਾਰਦੀਆਂ ਹਨ। ਇਹ ਗ਼ਜ਼ਲ ਦੀ ਪਰਿਭਾਸ਼ਾ ਨੂੰ ਵੀ ਵਸੀਹ ਕਰਦੀਆਂ ਹਨ:-

*ਹਰ ਮੋੜ 'ਤੇ ਸਲੀਬਾਂ ਹਰ ਪੈਰ ਤੇ ਹਨੇਰਾ*
*ਫਿਰ ਵੀ ਅਸੀਂ ਰੁਕੇ ਨੇ ਸਾਡਾ ਵੀ ਦੇਖ ਜੇਰਾ* [47]

ਸਮੁੱਚੇ ਰੂਪ ਵਿਚ ਲਹੂ ਦੇ ਨਕਸ਼ ਪਾਠ ਵਿਚ ਨਾਬਰੀ ਵਾਲੇ ਗਿਆਨ ਅਤੇ ਪ੍ਰਬੰਧ ਦਾ ਸੰਘਰਸ਼ ਜਾਰੀ ਰਹਿੰਦਾ ਹੈ, ਜੋ ਜਗਤਾਰ ਦੀ ਕਵਿਤਾ ਨੂੰ ਵਿਸ਼ਾਲ ਅਰਥ ਪ੍ਰਦਾਨ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. *ਮਨਜੀਤ ਸਿੰਘ, "ਡਾ. ਜਗਤਾਰ ਦੀ ਕਵਿਤਾ ਦੇ ਕਾਵਿ ਸ਼ਾਸਤਰ ਦੀ ਤਲਾਸ਼", ਸਮਕਾਲੀ ਪੰਜਾਬੀ ਕਵਿਤਾ ਦਾ ਕਾਵਿ ਸ਼ਾਸਤਰ, ਸੰਪਾ. ਡਾ. ਮੋਹਨਜੀਤ ਤੇ ਡਾ. ਰਵੇਲ ਸਿੰਘ, ਪੰਜਾਬੀ ਅਕਾਦਮੀ, ਦਿੱਲੀ, 2002, ਪੰਨਾ 162*
2. *ਡਾ. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ : ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2000, ਪੰਨਾ 67*
3. *ਗੁਰਬਚਨ, ਕਿਸ ਕਿਸ ਤਰ੍ਹਾਂ ਦੇ ਸਿਕੰਦਰ, ਯੂਨੀਸਟਾਰ ਬੁੱਕਸ, ਚੰਡੀਗੜ੍ਹ, 2002, ਪੰਨਾ 110*

4. ਦਵਿੰਦਰ ਸਤਿਆਰਥੀ, ਪ੍ਰਵੇਸ਼, ਦੁੱਧ ਪੱਥਰੀ (ਜਗਤਾਰ), ਬਾਬਾ ਪਬਲਿਸ਼ਿੰਗ ਹਾਊਸ, ਫਿਰੋਜ਼ਪੁਰ ਛਾਉਣੀ, 1961, ਪੰਨਾ 7
5. ਅਵਤਾਰ ਜੰਡਿਆਲਵੀ, "ਮੁਲਾਕਾਤ", ਹੁਣ, ਅੰਕ 11, ਪੰਨਾ 24
6. ਗੁਰਬਚਨ, ਕਿਸ ਕਿਸ ਤਰ੍ਹਾਂ ਦੇ ਸਿਕੰਦਰ, ਯੂਨੀਸਟਾਰ ਬੁੱਕਸ, ਚੰਡੀਗੜ੍ਹ, 2002, ਪੰਨਾ 108
7. ਜਗਤਾਰ, ਸ਼ੀਸ਼ੇ ਦਾ ਜੰਗਲ, ਸ਼ੀਸ਼ੇ ਦਾ ਜੰਗਲ, ਦੀਪਕ ਪਬਲਿਸ਼ਰਜ਼, ਜਲੰਧਰ, 1980, ਪੰਨਾ 28
8. ਵਨੀਤਾ, ਕਵੀ ਕਵਿਤਾ ਸੰਵਾਦ, ਪੰਨਾ 66
9. ਜਗਤਾਰ, ਅਣਮੁੱਕ ਸਫ਼ਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005, ਪੰਨਾ 293
10. ਜਗਤਾਰ, ਅੱਖਾਂ ਵਾਲੀਆਂ ਪੈੜ੍ਹਾਂ, ਦੀਪਕ ਪਬਲਿਸ਼ਰਜ਼, ਜਲੰਧਰ, 1999, ਪੰਨਾ 56
11. ਉਹੀ, ਪੰਨਾ 23
12. ਉਹੀ, ਪੰਨਾ 27
13. ਗੁਰਬਚਨ, ਕਿਸ ਕਿਸ ਤਰਾਂ ਦੇ ਸਿਕੰਦਰ, ਯੂਨੀਸਟਾਰ ਬੁੱਕਸ, ਚੰਡੀਗੜ੍ਹ, 2002, ਪੰਨਾ 103
14. ਜਗਤਾਰ, ਛਾਂਗਿਆ ਰੁੱਖ, ਦੀਪਕ ਪਬਲਿਸ਼ਰਜ਼, ਜਲੰਧਰ, 1976, ਪੰਨਾ 21
15. ਉਹੀ, ਪੰਨਾ 87
16. ਜਗਤਾਰ, ਸ਼ੀਸ਼ੇ ਦਾ ਜੰਗਲ, ਦੀਪਕ ਪਬਲਿਸ਼ਰਜ਼, ਜਲੰਧਰ, 1980, ਪੰਨਾ 72
17. ਜਗਤਾਰ, ਅਣਮੁੱਕ ਸਫ਼ਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005, ਪੰਨਾ 297
18. ਗੁਰਮੀਤ ਕੱਲਰਮਾਜਰੀ, "ਚੇਤਨਾ, ਵਿਚਾਰਧਾਰਾ ਅਤੇ ਕ੍ਰਾਂਤੀ: ਲਹੂ ਦੇ ਨਕਸ਼", ਸੰਪਾ. ਡਾ. ਸਰਬਜੀਤ ਸਿੰਘ, ਡਾ. ਜਗਤਾਰ: ਸ਼ਬਦ ਸੰਵਾਦ, ਦੀਪਕ ਪ੍ਰਕਾਸ਼ਨ, ਜਲੰਧਰ, 2005, ਪੰਨਾ 70
19. ਡਾ. ਵਨੀਤਾ, ਕਵੀ ਕਵਿਤਾ ਸੰਵਾਦ, ਪੰਨਾ 61
20. ਜਗਤਾਰ, ਲਹੂ ਦੇ ਨਕਸ਼, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2003, ਪੰਨਾ 23
21. ਉਹੀ, ਪੰਨਾ 46
22. ਉਹੀ, ਪੰਨਾ 46
23. ਉਹੀ, ਪੰਨਾ 24
24. ਉਹੀ, ਪੰਨਾ 15
25. ਉਹੀ, ਪੰਨਾ 37
26. ਉਹੀ, ਪੰਨਾ 28
27. ਉਹੀ, ਪੰਨਾ 42
28. ਉਹੀ, ਪੰਨਾ 63
29. ਉਹੀ, ਪੰਨਾ 34
30. ਉਹੀ, ਪੰਨਾ 15
31. ਉਹੀ, ਪੰਨਾ 21
32. ਉਹੀ, ਪੰਨਾ 17
33. ਉਹੀ, ਪੰਨਾ 25
34. ਉਹੀ, ਪੰਨਾ 40
35. ਉਹੀ, ਪੰਨਾ 45
36. ਉਹੀ, ਪੰਨਾ 18
37. ਉਹੀ, ਪੰਨਾ 43
38. ਉਹੀ, ਪੰਨਾ 29
39. ਉਹੀ, ਪੰਨਾ 44
40. ਉਹੀ, ਪੰਨਾ 15
41. ਉਹੀ, ਪੰਨਾ 20
42. ਉਹੀ, ਪੰਨਾ 21
43. ਉਹੀ, ਪੰਨਾ 58
44. ਉਹੀ, ਪੰਨਾ 49
45. ਉਹੀ, ਪੰਨਾ 36
46. ਉਹੀ, ਪੰਨਾ 61
47. ਉਹੀ, ਪੰਨਾ 64